## ਅਧਿਆਇ 24

# ਨੇਮ ਵਿਚ ਸੋਧ

ਕੂਚ ਦੀ ਪੁਸਤਕ ਦਾ 24 ਅਧਿਆਇ ਉਸ ਨੇਮ ਵਿਚ ਸੋਧ ਦਾ ਵਰਣਨ ਕਰਦਾ ਹੈ ਜੋ ਪਰਮੇਸ਼ੁਰ ਨੇ ਅਧਿਆਇ 19 ਵਿਚ ਇਸਰਾਏਲ ਨਾਲ ਬੰਨ੍ਹਿਆ ਸੀ। ਪਰਮੇਸ਼ੁਰ ਨੇ ਮੂਸਾ ਨੂੰ ਉਸ ਦੇ ਨਾਲ ਮਿਲਣ ਦੇ ਲਈ ਇਸਰਾਏਲ ਦੇ ਹੋਰ ਆਗੂਆਂ ਨੂੰ ਉਤਾਹਾਂ ਪਹਾੜ ਉੱਤੇ ਲਿਆਉਣ ਦੇ ਲਈ ਆਖਿਆ ਸੀ (24:1, 2)। ਮੂਸਾ ਦੁਆਰਾ ਲੋਕਾਂ ਅੱਗੇ ਬਿਵਸਥਾ ਨੂੰ ਪੇਸ਼ ਕਰਨ ਤੋਂ ਬਾਅਦ, ਲੋਕਾਂ ਨੇ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਨ ਦਾ ਵਾਅਦਾ ਕੀਤਾ ਸੀ (24:3-8)। ਫਿਰ ਮੂਸਾ, ਹਾਰੂਨ, ਨਾਦਾਬ, ਅਬੀਹੂ ਅਤੇ ਬਜ਼ੁਰਗਾਂ ਵਿੱਚੋਂ ਸੱਤ੍ਰ ਜਣੇ ਪਹਾੜ ਉੱਤੇ ਗਏ, ਉਨ੍ਹਾਂ ਨੇ ਯਹੋਵਾਹ ਨੂੰ ਡਿੱਠਾ ਅਤੇ ਉਸ ਦੇ ਨਾਲ ਖਾਧਾ ਪੀਤਾ (24:9-11)।

ਫਿਰ ਯਹੋਵਾਹ ਨੇ ਮੂਸਾ ਨੂੰ ਵਾਪਸ ਪਰਤਣ ਦੇ ਲਈ ਆਖਿਆ ਤਾਂ ਕਿ ਪਰਮੇਸ਼ੁਰ ਖੁਦ "ਬਿਵਸਥਾ ਅਤੇ ਹੁਕਮ" ਲਿਖ ਸਕਦਾ (24:12)। ਮੂਸਾ ਅਤੇ ਯਹੋਸ਼ੁਆ ਵਾਪਸ ਉਤਾਹਾਂ ਪਹਾੜ ਉੱਤੇ ਗਏ ਅਤੇ ਉਹ ਬਜ਼ੁਰਗਾਂ ਨੂੰ ਇਸਰਾਏਲ ਦੇ ਡੇਰੇ ਵਿਚ ਛੱਡ ਗਏ (24:13, 14)। ਮੂਸਾ ਯਹੋਵਾਹ ਦੇ ਪਰਤਾਪ ਦੇ ਬੱਦਲ ਦੇ ਵਿਚਕਾਰ ਚਲਿਆ ਗਿਆ, ਜਿੱਥੇ ਉਹ ਚਾਲੀ ਦਿਨ ਅਰ ਚਾਲੀ ਰਾਤਾਂ ਰਿਹਾ (24:15-18)।

## ਸੋਧ ਦੀ ਪ੍ਰਕਿਰਿਆ (24:1-11)

### ਪਰਮੇਸ਼ੁਰ ਨਾਲ ਮਿਲਣ ਦਾ ਹੁਕਮ (24:1, 2)

**[1]ਉਸ ਨੇ ਮੂਸਾ ਨੂੰ ਆਖਿਆ, ਯਹੋਵਾਹ ਕੋਲ ਉਤਾਹਾਂ ਆ ਤੂੰ ਅਤੇ ਹਾਰੂਨ ਅਤੇ ਨਾਦਾਬ ਅਤੇ ਅਬੀਹੂ ਅਤੇ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਸੱਤ੍ਰ ਅਤੇ ਤੁਸੀਂ ਦੂਰੋਂ ਮੱਥਾ ਟੇਕੋ। [2]ਪਰ ਮੂਸਾ ਇਕੱਲਾ ਯਹੋਵਾਹ ਕੋਲ ਨੇੜੇ ਆਵੇ ਅਰ ਏਹ ਨੇੜੇ ਨਾ ਆਉਣ ਅਤੇ ਲੋਕ ਵੀ ਉਹ ਦੇ ਨਾਲ ਉਤਾਹਾਂ ਨਾ ਆਉਣ।**

**ਆਇਤ 1.** ਜਦੋਂ **ਮੂਸਾ** ਹਾਲੇ ਪਹਾੜ ਉੱਤੇ ਹੀ ਸੀ, ਪਰਮੇਸ਼ੁਰ ਨੇ ਉਸ ਨੂੰ **"ਹਾਰੂਨ ਅਤੇ ਨਾਦਾਬ ਅਤੇ ਅਬੀਹੂ ਅਤੇ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਸੱਤ੍ਰ"** ਨਾਲ ਲੈ ਕੇ **"ਯਹੋਵਾਹ ਕੋਲ ਉਤਾਹਾਂ ਆਉਣ"** ਦੇ ਲਈ ਆਖਿਆ ਸੀ। ਇਸ ਹੁਕਮ ਨੇ ਪਹਿਲਾਂ ਤੋਂ ਮੰਨ ਲਿਆ ਸੀ ਕਿ ਮੂਸਾ ਪਹਿਲਾਂ ਪਹਾੜ ਤੋਂ ਥੱਲੇ ਜਾਵੇਗਾ ਅਤੇ ਫਿਰ ਉਨ੍ਹਾਂ ਆਗੂਆਂ ਨਾਲ ਉਤਾਹਾਂ ਆਵੇਗਾ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ।

**ਆਇਤ 2.** ਹੋਰ ਲੋਕ ਕੁਝ ਦੂਰੀ ਤੇ ਰਹਿਣੇ ਸਨ, ਜਦ ਕਿ **ਮੂਸਾ ਇਕੱਲਾ ਯਹੋਵਾਹ ਕੋਲ ਨੇੜੇ** ਆਉਣਾ ਸੀ। ਹਾਲਾਂਕਿ ਸਾਰਾ ਇਸਰਾਏਲ ਪਰਮੇਸ਼ੁਰ ਦੇ ਲਈ ਪਵਿੱਤਰ ਸੀ, ਮੂਸਾ ਨੂੰ ਪਰਮੇਸ਼ੁਰ ਦੇ ਖਾਸ ਦਾਸ ਦੇ ਰੂਪ ਵਿਚ ਵੱਖਰਾ ਕੀਤਾ ਗਿਆ ਸੀ।

## ਮੂਸਾ ਦੁਆਰਾ ਨੇਮ ਨੂੰ ਸੋਧਣਾ (24:3-11)

**3ਸੋ ਮੂਸਾ ਆਇਆ ਅਰ ਯਹੋਵਾਹ ਦੀਆਂ ਸਾਰੀਆਂ ਗੱਲਾਂ ਅਤੇ ਸਾਰੇ ਨਿਆਉਂ ਲੋਕਾਂ ਨੂੰ ਦੱਸੇ
ਤਾਂ ਸਾਰੇ ਲੋਕਾਂ ਨੇ ਇੱਕ ਅਵਾਜ਼ ਨਾਲ ਬੋਲ ਕੇ ਉੱਤ੍ਰ ਦਿੱਤਾ, ਸਾਰੀਆਂ ਗੱਲਾਂ ਜਿਹੜੀਆਂ ਯਹੋਵਾਹ
ਬੋਲਿਆ ਹੈ ਅਸੀਂ ਕਰਾਂਗੇ। 4ਤਾਂ ਮੂਸਾ ਨੇ ਯਹੋਵਾਹ ਦੀਆਂ ਸਾਰੀਆਂ ਗੱਲਾਂ ਲਿਖੀਆਂ ਅਤੇ ਸਵੇਰ
ਨੂੰ ਉੱਠ ਕੇ ਪਹਾੜ ਹੇਠ ਇੱਕ ਜਗਵੇਦੀ ਅਤੇ ਬਾਰਾਂ ਥੰਮ੍ਹ ਇਸਰਾਏਲ ਦੇ ਬਾਰਾਂ ਗੋਤਾਂ ਅਨੁਸਾਰ
ਬਣਾਏ। 5ਉਸ ਨੇ ਇਸਰਾਏਲ ਦੇ ਗਭਰੂਆਂ ਨੂੰ ਘੱਲਿਆ ਅਤੇ ਉਨ੍ਹਾਂ ਨੇ ਯਹੋਵਾਹ ਲਈ ਹੋਮ ਦੀਆਂ
ਬਲੀਆਂ ਅਤੇ ਸੁਖ ਸਾਂਦ ਦੀਆਂ ਬਲੀਆਂ ਬਲਦਾਂ ਤੋਂ ਚੜ੍ਹਾਈਆਂ। 6ਫੇਰ ਮੂਸਾ ਨੇ ਅੱਧਾ ਲਹੂ ਲੈਕੇ
ਭਾਂਡਿਆਂ ਵਿੱਚ ਰੱਖਿਆ ਅਤੇ ਬਾਕੀ ਦਾ ਅੱਧਾ ਲਹੂ ਜਗਵੇਦੀ ਦੇ ਉੱਤੇ ਛਿੜਕਿਆ। 7ਅਰ ਉਸ ਨੇ
ਨੇਮ ਦੀ ਪੋਥੀ ਲੈਕੇ ਲੋਕਾਂ ਦੇ ਕੰਨਾਂ ਵਿੱਚ ਪੜ੍ਹਕੇ ਸੁਣਾਈ ਅਤੇ ਉਨ੍ਹਾਂ ਨੇ ਆਖਿਆ, ਅਸੀਂ ਸਭ ਕੁਝ
ਜੋ ਯਹੋਵਾਹ ਬੋਲਿਆ ਹੈ ਕਰਾਂਗੇ ਅਤੇ ਮੰਨਾਂਗੇ। 8ਉਪਰੰਤ ਮੂਸਾ ਨੇ ਲਹੂ ਲੈਕੇ ਲੋਕਾਂ ਉੱਤੇ ਛਿੜਕਿਆ
ਅਰ ਆਖਿਆ, ਵੇਖੋ ਏਹ ਲਹੂ ਉਸ ਨੇਮ ਦਾ ਹੈ ਜਿਹੜਾ ਯਹੋਵਾਹ ਨੇ ਇਨ੍ਹਾਂ ਸਾਰੀਆਂ ਗੱਲਾਂ ਵਿੱਚ
ਤੁਹਾਡੇ ਨਾਲ ਬੰਨ੍ਹਿਆ ਹੈ। 9ਤਾਂ ਮੂਸਾ ਅਰ ਹਾਰੂਨ ਅਰ ਨਾਦਾਬ ਅਰ ਅਬੀਹੂ ਅਰ ਇਸਰਾਏਲ
ਦੇ ਸੱਤ੍ਰ ਬਜ਼ੁਰਗ ਉਤਾਹਾਂ ਗਏ। 10ਫੇਰ ਉਨ੍ਹਾਂ ਨੇ ਇਸਰਾਏਲ ਦੇ ਪਰਮੇਸ਼ੁਰ ਨੂੰ ਡਿੱਠਾ ਅਤੇ ਉਸ ਦੇ
ਪੈਰਾਂ ਹੇਠ ਨੀਲਮ ਦੇ ਪੱਥਰਾਂ ਦਾ ਫਰਸ਼ ਜਿਹਾ ਸੀ ਅਤੇ ਉਸ ਦੀ ਚਮਕਾਹਟ ਅਕਾਸ਼ ਹੀ ਵਰਗੀ
ਸੀ। 11ਉਸ ਨੇ ਆਪਣਾ ਹੱਥ ਇਸਰਾਏਲੀਆਂ ਦੇ ਭਲੇ ਪੁਰਸ਼ਾਂ ਉੱਤੇ ਨਾ ਪਾਇਆ ਸੋ ਉਨ੍ਹਾਂ ਨੇ
ਪਰਮੇਸ਼ੁਰ ਦਾ ਦਰਸ਼ਣ ਕੀਤਾ ਅਰ ਉਨ੍ਹਾਂ ਨੇ ਖਾਧਾ ਪੀਤਾ।**

ਇਹ ਆਇਤਾਂ ਲੋਕਾਂ ਨਾਲ ਪਰਮੇਸ਼ੁਰ ਦੇ ਨੇਮ ਦੀ ਸੋਧ ਦਾ ਵਰਣਨ ਕਰਦੀਆਂ ਹਨ। ਪਰਮੇਸ਼ੁਰ ਨੇ ਆਖਿਆ ਸੀ ਕਿ ਇਸਰਾਏਲ ਉਸ ਦੀ ਖਾਸ ਪਰਜਾ ਹੋਵੇਗਾ ਜੇਕਰ ਇਸਰਾਏਲ ਉਸ ਦੀ ਆਗਿਆ ਦਾ ਪਾਲਣ ਕਰੇਗਾ; ਇਸਰਾਏਲ ਨੇ ਇਹ ਕਹਿੰਦੇ ਹੋਏ ਉੱਤਰ ਦਿੱਤਾ, "ਸਭ ਕੁਝ ਜੋ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ" (19:8)। ਪਰ, ਉਸ ਸਮੇਂ, ਇਸਰਾਏਲੀ ਉਸ ਬਾਰੇ ਬਹੁਤ ਥੋੜ੍ਹਾ ਜਾਣਦੇ ਸਨ ਜੋ ਪਰਮੇਸ਼ੁਰ ਉਨ੍ਹਾਂ ਕੋਲੋਂ ਕਰਨ ਦੀ ਮੰਗ ਕਰੇਗਾ। ਦਰਅਸਲ, ਉਨ੍ਹਾਂ ਨੇ ਕਿਸੇ ਵੀ ਹੁਕਮ ਨੂੰ ਸਵੀਕਾਰ ਕੀਤਾ ਸੀ ਜੋ ਪਰਮੇਸ਼ੁਰ ਚੁਣ ਸਕਦਾ ਸੀ। 20 ਅਧਿਆਇ ਵਿਚ ਸ਼ੁਰੂਆਤ ਕਰਦਿਆਂ, ਪਰਮੇਸ਼ੁਰ ਨੇ ਇਸਰਾਏਲ ਨੂੰ ਥੋੜ੍ਹੇ ਜਿਹੇ ਵੇਰਵੇ ਨਾਲ ਦੱਸਿਆ ਸੀ ਕਿ ਉਹ ਉਨ੍ਹਾਂ ਕੋਲੋਂ ਕੀ ਉਮੀਦ ਕਰਦਾ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਦਸ ਹੁਕਮਾਂ (20:1-21), ਨਾਲੇ ਨੇਮ ਦੀ ਪੋਥੀ ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ (20:22-23:33) ਦੇ ਬਾਰੇ ਦੱਸਿਆ ਸੀ। ਉਨ੍ਹਾਂ ਦੇ ਲਈ ਪਰਮੇਸ਼ੁਰ ਦੀ ਇੱਛਾ ਦੀਆਂ ਬਾਰੀਕੀਆਂ ਨੂੰ ਸੁਣਨ ਤੋਂ ਬਾਅਦ, ਇਸਰਾਏਲੀਆਂ ਨੂੰ ਯਹੋਵਾਹ ਦੀ ਆਗਿਆ ਦਾ ਪਾਲਣ ਕਰਨ ਦੇ ਲਈ ਉਨ੍ਹਾਂ ਦੇ ਸਮਰਪਣ ਨੂੰ ਨਵਾਂ ਕਰਨ ਦਾ ਮੌਕਾ ਦਿੱਤਾ ਗਿਆ ਸੀ। ਦਰਅਸਲ, ਲੋਕਾਂ ਨੂੰ ਪੁੱਛਿਆ ਜਾ ਰਿਹਾ ਸੀ, "ਹੁਣ ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਪਰਮੇਸ਼ੁਰ ਦੇ ਹੁਕਮ ਕੀ ਹਨ, ਕੀ ਤੁਸੀਂ ਹਾਲੇ ਵੀ ਉਨ੍ਹਾਂ ਨੂੰ ਮੰਨਣ ਦੇ ਲਈ ਤਿਆਰ ਹੋ?" ਲੋਕ ਝਿੱਜਕੇ ਨਹੀਂ, ਫੇਰ, ਇਸਰਾਏਲ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ "ਸਾਰੀਆਂ ਗੱਲਾਂ ਜਿਹੜੀਆਂ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ" (24:3; ਵੇਖੋ 24:7)।

ਇਸਰਾਏਲ ਨਾਲ ਪਰਮੇਸ਼ੁਰ ਦੇ ਨੇਮ ਦੀ ਸੋਧ ਵਿਚ ਸੱਤ ਘਟਨਾਵਾਂ ਸ਼ਾਮਲ ਸਨ। (1) ਮੂਸਾ ਨੇ ਬਿਵਸਥਾ ਨੂੰ ਸੁਣਾਇਆ ਅਤੇ ਇਸਰਾਏਲ ਨੇ ਯਹੋਵਾਹ ਦੀ ਆਗਿਆ ਦੀ ਪਾਲਣ ਕਰਨ ਦੀ ਆਪਣੀ ਪ੍ਰਤਿਗਿਆ ਦੀ ਮੁੜ ਪੁਸ਼ਟੀ ਕੀਤੀ (24:3)। (2) ਯਹੋਵਾਹ ਦੀਆਂ ਸਾਰੀਆਂ ਗੱਲਾਂ ਲਿਖੀਆਂ ਗਈਆਂ ਸਨ, ਇਸ ਪ੍ਰਕਾਰ ਉਨ੍ਹਾਂ ਨੇ ਨੇਮ ਨੂੰ ਸਥਾਈਪਣ ਦਿੱਤਾ (24:4)। (3) ਇਸ ਮੌਕੇ ਦੀ ਯਾਦ ਦੇ ਰੂਪ ਵਿਚ ਕੰਮ ਕਰਨ ਦੇ ਲਈ ਇਕ ਜਗਵੇਦੀ ਬਣਾਈ ਗਈ ਸੀ (24:4)।

(4) ਫਿਰ ਸੋਧ ਦੀ ਰਸਮ ਦੇ ਹਿੱਸੇ ਦੇ ਰੂਪ ਵਿਚ ਬਲੀਆਂ ਚੜ੍ਹਾਈਆਂ ਗਈਆਂ ਸਨ ਅਤੇ ਜਗਵੇਦੀ ਦੇ ਉੱਤੇ ਲਹੂ ਛਿੜਕਿਆ ਗਿਆ ਸੀ (24:5, 6)। (5) ਅਗਲੀ ਗੱਲ, ਪੋਥੀ ਵਿੱਚੋਂ ਬਿਧੀਆਂ ਨੂੰ ਪੜ੍ਹਿਆ ਗਿਆ ਸੀ ਅਤੇ ਇਕ ਵਾਰ ਫੇਰ ਲੋਕਾਂ ਵੱਲੋਂ ਇਕ ਸਕਾਰਾਤਮਕ ਜਵਾਬ ਮਿਲਿਆ ਸੀ (24:7)। (6) ਲੋਕਾਂ ਦੇ ਉੱਤੇ ਲਹੂ ਛਿੜਕਿਆ ਗਿਆ ਸੀ ਜੋ ਕਿ ਨੇਮ ਨੂੰ ਦ੍ਰਿੜ੍ਹ ਕਰਨ ਦਾ ਪ੍ਰਤੀਕ ਸੀ (24:8)। (7) ਅੰਤ ਵਿਚ, ਇਸਰਾਏਲ ਦੇ ਆਗੂਆਂ ਨੇ, ਯਹੋਵਾਹ ਦੀ ਹਜ਼ੂਰੀ ਵਿਚ, ਨੇਮ ਦੇ ਭੋਜਨ ਵਿਚ ਹਿੱਸਾ ਲਿਆ (24:9-11)।

**ਆਇਤ 3.** *ਪ੍ਰਤਿਗਿਆ ਦੀ ਪੁਸ਼ਟੀ ਕਰਨਾ।* ਪਹਿਲੀ ਘਟਨਾ, ਜਦੋਂ ਉਹ ਪਹਾੜ ਤੋਂ ਥੱਲੇ ਉਤਰਿਆ, **ਮੂਸਾ** ਨੇ **ਲੋਕਾਂ ਨੂੰ** ਮੂੰਹ ਨਾਲ ਬੋਲ ਕੇ ਬਿਵਸਥਾ ਸੁਣਾਈ। ਇਕੱਠੇ ਖੜ੍ਹੇ ਹੋ ਕੇ - ਸੰਯੁਕਤ, **ਇੱਕ ਅਵਾਜ਼ ਨਾਲ** - ਇਸਰਾਏਲੀਆਂ ਨੇ ਵਫ਼ਾਦਾਰੀ ਦੀ ਪ੍ਰਤਿਗਿਆ ਨੂੰ ਦੁਹਰਾਇਆ ਜੋ ਉਨ੍ਹਾਂ ਨੇ ਪਰਮੇਸ਼ੁਰ ਦੁਆਰਾ ਬਿਵਸਥਾ ਦੇ ਵੇਰਵਿਆਂ ਦੇ ਦੇਣ ਤੋਂ ਪਹਿਲਾਂ ਲਈ ਸੀ। ਉਨ੍ਹਾਂ ਨੇ ਆਖਿਆ, **ਸਾਰੀਆਂ ਗੱਲਾਂ ਜਿਹੜੀਆਂ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ।**

**ਆਇਤ 4.** *ਬਿਵਸਥਾ ਦਾ ਲਿਖਿਆ ਜਾਣਾ।* ਦੂਜੀ ਘਟਨਾ, **ਮੂਸਾ** ਦੁਆਰਾ ਪਰਮੇਸ਼ੁਰ ਦੀਆਂ ਗੱਲਾਂ ਨੂੰ ਉੱਚੀ ਅਵਾਜ਼ ਵਿਚ ਬੋਲਣ ਦੇ ਬਾਅਦ, ਉਸ ਨੇ ਉਹ ਸਾਰੀਆਂ ਗੱਲਾਂ **ਲਿਖੀਆਂ**, ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਹ ਪਰਮੇਸ਼ੁਰ ਅਤੇ ਇਸਰਾਏਲ ਵਿਚਕਾਰ ਨੇਮ ਦਾ ਪੱਕਾ ਦਸਤਾਵੇਜ਼ ਰੱਖਣਾ ਚਾਹੁੰਦਾ ਸੀ ਅਤੇ ਖਾਸਕਰ ਉਹ ਉਸ ਨੇਮ ਦੀਆਂ ਸ਼ਰਤਾਂ ਦਾ ਇੱਕ ਦਸਤਾਵੇਜ਼ ਦੇਣਾ ਚਾਹੁੰਦਾ ਸੀ। ਪ੍ਰਾਚੀਨ ਮਸੋਪੋਤਾਮੀਆ ਵਿਚ ਨੇਮਾਂ ਨੂੰ ਲਿਖਣਾ ਅਤੇ ਉਨ੍ਹਾਂ ਨੂੰ ਇਕ ਖਾਸ ਸਥਾਨ ਵਿਚ ਰੱਖਣਾ ਇਕ ਆਮ ਗੱਲ ਸੀ, ਜਿਸ ਵਿੱਚੋਂ ਉਹ ਸਮੇਂ-ਸਮੇਂ ਤੇ ਨੇਮਾਂ ਨੂੰ ਮੁੜ ਲੈ ਕੇ ਸੁਣਾ ਸਕਦੇ ਸਨ। ਸੰਭਵ ਤੌਰ ਤੇ, ਮੂਸਾ ਨੇ ਉਹ **ਸਾਰੀਆਂ** ਗੱਲਾਂ (ਬਿਧੀਆਂ) ਲਿਖ ਲਈਆਂ ਸਨ ਜੋ ਯਹੋਵਾਹ ਨੇ ਉਸ ਨੂੰ ਦਿੱਤੀਆਂ ਸਨ ਜਦੋਂ ਉਹ ਪਹਾੜ ਉੱਤੇ ਸੀ।

*ਜਗਵੇਦੀ ਬਣਾਉਣਾ।* ਤੀਜੀ ਘਟਨਾ, ਪ੍ਰਕਿਰਿਆ ਵਿਚ ਤੀਜਾ ਕਦਮ ਸੀਨਈ ਪਹਾੜ ਹੇਠ ਇਕ **ਜਗਵੇਦੀ** ਬਣਾਉਣਾ ਹੈ। ਸਪੱਸ਼ਟ ਰੂਪ ਵਿਚ, ਜਗਵੇਦੀ ਦਾ ਉਦੇਸ਼ ਸਿਰਫ ਬਲੀਆਂ ਦੇ ਲਈ ਥਾਂ ਮੁਹੱਈਆ ਕਰਨਾ ਨਹੀਂ ਸੀ, ਕਿਉਂਕਿ ਇਹ **ਬਾਰਾਂ ਥੰਮ੍ਹ ਇਸਰਾਏਲ ਦੇ ਬਾਰਾਂ ਗੋਤਾਂ ਅਨੁਸਾਰ** ਬਣਾਏ ਗਏ ਸਨ। ਬਲੀਆਂ ਤੋਂ ਬਾਅਦ, ਥੰਮ੍ਹਾਂ ਵਾਲੀ ਜਗਵੇਦੀ ਉਸ ਘਟਨਾ ਦੀ ਇਕ ਯਾਦ ਰਹੇਗੀ ਜੋ ਉੱਥੇ ਵਾਪਰੀ ਸੀ।

**ਆਇਤਾਂ 5, 6.** *ਬਲੀਆਂ ਚੜ੍ਹਾਉਣਾ।* ਚੌਥੀ ਘਟਨਾ, ਉਸ ਸਮੇਂ **ਹੋਮ ਦੀਆਂ ਬਲੀਆਂ** ਅਤੇ **ਸੁਖ ਸਾਂਦ ਦੀਆਂ ਬਲੀਆਂ** ਇਸਰਾਏਲ ਦੇ **ਗਭਰੂਆਂ** ਦੁਆਰਾ ਚੜ੍ਹਾਈਆਂ ਜਾਂਦੀਆਂ ਸਨ। ਪਰਤੱਖ ਰੂਪ ਵਿਚ, ਇਸਰਾਏਲ ਵਿਚ ਅਧਿਕਾਰਕ ਜਾਜਕਾਈ ਸੇਵਾ ਦੇ ਆਉਣ ਤੋਂ ਪਹਿਲਾਂ, ਗੱਭਰੂ ਜਾਜਕਾਈ ਸੇਵਾ ਨੂੰ ਸੰਭਾਲਦੇ ਸਨ ਅਤੇ ਬਲੀਆਂ ਚੜ੍ਹਾਉਣ ਦੀ ਸਾਰੀ ਜ਼ਿੰਮੇਵਾਰੀ ਵੀ ਉਹੀ ਸੰਭਾਲਦੇ ਸਨ। ਗੱਭਰੂਆਂ ਨੂੰ ਹੀ ਇਸ ਕੰਮ ਦੇ ਲਈ ਕਿਉਂ ਰੱਖਿਆ ਗਿਆ ਸੀ? ਬਲਦਾਂ, ਬੱਕਰੀਆਂ ਅਤੇ ਲੇਲਿਆਂ ਨੂੰ ਮਾਰਨ ਅਤੇ ਉਨ੍ਹਾਂ ਨੂੰ ਇੱਧਰ-ਉੱਧਰ ਲੈ ਕੇ ਜਾਣ ਦੇ ਲਈ ਕਾਫੀ ਬਲ ਦੀ ਲੋੜ ਹੁੰਦੀ ਹੋਵੇਗੀ। ਵਾਲਟਰ ਸੀ. ਕੇਸਰ, ਜੂਨੀਅਰ ਨੇ ਦੱਸਿਆ ਸੀ ਕਿ ਇਹ ਇਸਰਾਏਲੀ ਪਰਿਵਾਰਾਂ ਦੇ ਪਲੋਠੇ ਸਨ ਅਤੇ ਇਹ ਕਿ ਉਹ ਤਦ ਤੱਕ ਜਾਜਕਾਂ ਦੇ ਤੌਰ ਤੇ ਸੇਵਾ ਕਰਦੇ ਰਹੇ ਜਦੋਂ ਤੱਕ ਕਿ ਲੇਵੀਆਂ ਦੇ ਜਾਜਕਾਂ ਨੂੰ ਨਿਯੁਕਤ ਨਹੀਂ ਸੀ ਕੀਤਾ ਗਿਆ (ਵੇਖੋ ਗਿਣਤੀ 3:41)।[1] **ਮੂਸਾ ਨੇ** ਉਹ **ਅੱਧਾ ਲਹੂ** ਲਿਆ ਜਿਹੜਾ ਬਲੀ ਕੀਤੇ ਹੋਏ ਪਸੂਆਂ ਵਿੱਚੋਂ ਨਿਕਲਿਆ ਸੀ ਅਤੇ ਇਸ ਨੂੰ **ਜਗਵੇਦੀ ਦੇ ਉੱਤੇ ਛਿੜਕਿਆ**। ਇਹ ਰਸਮ ਸ਼ਾਇਦ ਜਗਵੇਦੀ ਨੂੰ ਸਮਰਪਿਤ ਕਰਨ ਜਾਂ ਪਵਿੱਤਰ ਕਰਨ ਦੇ ਲਈ ਕੀਤੀ ਗਈ ਸੀ।[2]

**ਆਇਤ 7.** *ਬਿਵਸਥਾ ਦਾ ਪੜ੍ਹਨਾ।* ਪੰਜਵੀਂ ਘਟਨਾ, ਮੂਸਾ ਨੇ ਲੋਕਾਂ ਨੂੰ ਬਿਧੀਆਂ **ਪੜ੍ਹਕੇ**

ਸੁਣਾਈਆਂ ਅਤੇ ਉਨ੍ਹਾਂ ਨੇ ਇਕ ਵਾਰ ਫੇਰ ਉਹ **ਸਭ ਕੁਝ ਜੋ ਯਹੋਵਾਹ ਬੋਲਿਆ** [ਸੀ] ਕਰਨ ਦੀ ਪੁਸ਼ਟੀ ਕੀਤੀ। ਜਿਵੇਂ ਜੌਨ ਐਚ. ਵਾਲਟਨ ਅਤੇ ਵਿਕਟਰ ਐਚ. ਮੈਥਿਊਜ਼ ਨੇ ਟਿੱਪਣੀ ਕੀਤੀ ਸੀ, "ਨੇਮ ਦੀਆਂ ਸ਼ਰਤਾਂ ਦਾ ਲੋਕਾਂ ਵਿਚ ਪੜ੍ਹਿਆ ਜਾਣਾ ਹਰ ਨੇਮ ਦੇ ਨਵਿਆਉਣ ਦੀ ਰਸਮ ਦਾ ਇਕ ਹਿੱਸਾ ਸੀ (ਵੇਖੋ ਯਹੋਸ਼ੁਆ 24:25-27; 2 ਰਾਜਿਆਂ 23:2; ਨਹਮਯਾਹ 8:5-9)।"[3] ਨੇਮ ਦੀ ਪੋਥੀ ਉਨ੍ਹਾਂ ਬਿਧੀਆਂ ਦਾ ਹਵਾਲਾ ਦਿੰਦੀ ਹੈ ਜੋ ਪਰਮੇਸ਼ੁਰ ਨੇ ਦਿੱਤੀਆਂ ਸਨ, ਜਿਹੜੀਆਂ ਮੂਸਾ ਨੇ ਲਿਖੀਆਂ ਅਤੇ ਜਿਨ੍ਹਾਂ ਦਾ ਪਾਲਣ ਕਰਨ ਦੇ ਲਈ ਲੋਕ ਸਹਿਮਤ ਹੋਏ ਸਨ। ਇਸ ਦੇ ਵਿਚ ਉਹ ਨਿਯਮ, ਜਾਂ ਸ਼ਰਤਾਂ ਸਨ ਜਿਨ੍ਹਾਂ ਤੇ ਪਰਮੇਸ਼ੁਰ ਅਤੇ ਇਸਰਾਏਲ ਵਿਚਕਾਰ ਨੇਮ ਦਾ ਸਮਝੌਤਾ ਅਧਾਰਤ ਸੀ। ਪਰਮੇਸ਼ੁਰ ਅਤੇ ਉਸ ਦੀ ਪਰਜਾ ਵਿਚਕਾਰ ਨੇਮ ਦੀ ਰਿਸ਼ਤੇ ਦਾ ਜਾਰੀ ਰਹਿਣਾ ਉਨ੍ਹਾਂ ਦੇ ਉਨ੍ਹਾਂ ਬਿਧੀਆਂ ਨੂੰ ਪਾਲਣ ਕਰਨ ਤੇ ਨਿਰਭਰ ਸੀ ਜੋ ਉਸ ਪੋਥੀ ਵਿਚ ਪਾਈਆਂ ਜਾਂਦੀਆਂ ਸਨ।

**ਆਇਤ 8.** *ਲਹੂ ਦਾ ਛਿੜਕਣਾ।* ਛੇਵੀਂ ਘਟਨਾ, **ਮੂਸਾ** ਦੇ ਬਿਵਸਥਾ ਨੂੰ ਪੜ੍ਹ ਕੇ ਸੁਣਾਉਣ ਅਤੇ ਲੋਕਾਂ ਦੇ ਫੇਰ ਬਿਵਸਥਾ ਦਾ ਪਾਲਣ ਕਰਨ ਦੇ ਲਈ ਸਹਿਮਤ ਹੋਣ ਤੋਂ ਬਾਅਦ, ਉਸ ਨੇ ਬਾਕੀ ਦਾ ਬਚਿਆ ਹੋਇਆ **ਲਹੂ ਲੈਕੇ ਲੋਕਾਂ ਉੱਤੇ ਛਿੜਕਿਆ** ਜੋ ਨੇਮ ਨੂੰ ਸੁਨਿਸ਼ਚਿਤ ਕਰਨ ਦਾ ਪ੍ਰਤੀਕ ਸੀ। ਉਸ ਨੇ ਆਖਿਆ, **ਵੇਖੋ ਏਹ ਲਹੂ ਉਸ ਨੇਮ ਦਾ ਹੈ।** ਜਿਵੇਂ ਜਗਵੇਦੀ ਨੂੰ ਲਹੂ ਦੇ ਨਾਲ ਪਵਿੱਤਰ ਕੀਤਾ ਗਿਆ ਸੀ, ਜਾਂ ਵੱਖਰਾ ਕੀਤਾ ਗਿਆ ਸੀ, ਉਸੇ ਤਰ੍ਹਾਂ ਲੋਕਾਂ ਨੂੰ ਪਵਿੱਤਰ ਜਾਂ ਵੱਖਰਾ ਕੀਤਾ ਗਿਆ ਸੀ। ਲਹੂ ਦਾ ਛਿੜਕਿਆ ਜਾਣਾ ਇਸ ਤੱਥ ਦੀ ਗਵਾਹੀ ਸੀ ਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਬਚਾਇਆ ਸੀ ਅਤੇ ਉਨ੍ਹਾਂ ਨੂੰ ਉਸ ਦੀ ਆਪਣੀ ਪਰਜਾ ਬਣਾਇਆ ਸੀ ਅਤੇ ਇਹ ਕਿ ਹੁਣ ਉਨ੍ਹਾਂ ਕੋਲ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਨ ਦੀ ਜ਼ਿੰਮੇਵਾਰੀ ਸੀ।

ਇਸ ਮੌਕੇ ਤੇ ਲਹੂ ਦੀ ਰਸਮ ਦੇ ਮਹੱਤਵ ਬਾਰੇ ਨਹੀਂ ਦੱਸਿਆ ਗਿਆ ਹੈ। ਆਰ. ਐਲਨ ਕੋਲ ਨੇ ਦੋ ਸੰਭਾਵਨਾਵਾਂ ਦਾ ਸੁਝਾਅ ਦਿੱਤਾ ਸੀ। (1) ਸ਼ਾਇਦ, ਇਸ ਰਸਮ ਦੇ ਜ਼ਰੀਏ, ਪਰਮੇਸ਼ੁਰ ਇਹ ਐਲਾਨ ਕਰ ਰਿਹਾ ਸੀ ਕਿ ਉਹ ਖੁਦ ਲਹੂ ਦੇ ਦੁਆਰਾ ਲੋਕਾਂ ਨਾਲ ਸੰਬੰਧਤ ਹੈ, ਇਸ ਲਈ ਇਸਰਾਏਲ ਅਤੇ ਪਰਮੇਸ਼ੁਰ ਨੂੰ "ਇੱਕ ਲਹੂ" ਦੇ ਰੂਪ ਵਿਚ ਗਿਣਿਆ ਗਿਆ ਸੀ ਅਤੇ ਪਰਮੇਸ਼ੁਰ ਨੂੰ ਇਸਰਾਏਲ ਦੇ ਪਿਤਾ ਅਤੇ "ਲਹੂ ਦਾ ਬਦਲਾ ਲੈਣ ਵਾਲੇ" ਦੇ ਰੂਪ ਵਿਚ ਵੇਖਿਆ ਜਾ ਸਕਦਾ ਸੀ।[4] (2) ਇਕ ਹੋਰ ਸੰਭਾਵਨਾ ਇਹ ਹੈ ਕਿ ਉਤਪਤ 15 ਅਤੇ ਯਿਰਮਿਯਾਹ 34:18 ਵਿਚ ਵੇਖੀਆਂ ਗਈਆਂ ਰਸਮਾਂ ਦੇ ਵਾਂਗ, ਲਹੂ ਦੀ ਇਹ ਰਸਮ "ਆਪਣੇ ਆਪ ਤੇ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸੀ ਜੇਕਰ ਨੇਮ ਦੀਆਂ ਸ਼ਰਤਾਂ ਪੂਰੀਆਂ ਨਾ ਕੀਤੀਆਂ ਜਾਂਦੀਆਂ।"[5] ਵਾਲਟਰ ਬਰੁੱਗਮੈਨ ਨੇ ਲਿਖਿਆ,

> "ਨੇਮ ਦਾ ਲਹੂ" ਦੋ ਧਿਰਾਂ ਵਿਚਕਾਰ ਇਕਜੁਟਤਾ ਨੂੰ ਪੈਦਾ ਕਰਦਾ ਹੈ। ਇਹ ਨਾਟਕੀ ਕਾਰਜ ਤਰਕਸੰਗਤ ਤਰੀਕੇ ਨਾਲ ਸਮਝਣ ਯੋਗ ਨਹੀਂ ਹੈ, ਪਰ ਇਸ ਪਛਾਣ ਤੋਂ ਕੋਈ ਸੰਦੇਹ ਨਹੀਂ ਉੱਠਦਾ ਕਿ "ਲਹੂ" ਇਕ ਵਿਸ਼ੇਸ਼ ਤੱਤ ਹੈ ਜੋ ਜੀਵਨ ਨੂੰ ਸੰਭਵ ਬਣਾਉਂਦਾ ਹੈ। ... ਇਸ ਲਈ ਇਸਰਾਏਲ ਹੁਣ ਆਗਿਆਕਾਰੀ ਦਾ ਇਕ ਨਵਾਂ ਜੀਵਨ ਸ਼ੁਰੂ ਕਰਦਾ ਹੈ ਜਿਹੜਾ ਬਲੀ, "ਨੇਮ ਦੀ ਪੋਥੀ" ਅਤੇ "ਨੇਮ ਦੇ ਲਹੂ" ਦੇ ਅਰਥ ਨੂੰ ਦੱਸਦਾ ਹੈ।[6]

ਕੇਸਰ ਨੇ ਆਖਿਆ ਕਿ ਲਹੂ ਦਾ ਛਿੜਕਣਾ "ਸਮਰਪਣ ਜਾਂ ਪਵਿੱਤਰ ਕਰਨ ਦਾ ਕਾਰਜ" ਸੀ, ਅਤੇ ਇਹ ਕਿ ਜਗਵੇਦੀ ਦਾ ਲਹੂ "ਪਰਮੇਸ਼ੁਰ ਦੀ ਮਾਫ਼ੀ ਅਤੇ ਬਲੀ ਦੇ ਸਵੀਕਾਰ ਕੀਤੇ ਜਾਣ" ਦਾ ਪ੍ਰਤੀਕ ਸੀ ਅਤੇ ਇਹ ਕਿ ਲੋਕਾਂ ਦੇ ਉੱਤੇ ਛਿੜਕਿਆ ਜਾਣ ਵਾਲਾ ਲਹੂ "ਲਹੂ ਦੀ ਸਹੁੰ" ਦੀ ਵੱਲ ਇਸ਼ਾਰਾ ਕਰਦਾ ਸੀ ਜੋ ਉਨ੍ਹਾਂ ਨੂੰ ਆਗਿਆਕਾਰੀ ਬਣਨ ਦੇ ਲਈ ਮਜਬੂਰ ਕਰਦਾ ਸੀ।[7]

**ਆਇਤ 9.** *ਨੇਮ ਦਾ ਭੋਜਨ ਖਾਣਾ।* ਇਹ ਨੇਮ ਦੀ ਸੋਧ ਦੀ ਸਤਵੀਂ ਅਤੇ ਆਖਰੀ ਘਟਨਾ ਹੈ। ਪਰਮੇਸ਼ੁਰ ਦੇ ਸੱਦੇ ਤੇ (24:1, 2), **ਮੂਸਾ** ਦੂਜਿਆਂ ਨੂੰ ਪਹਾੜ ਉੱਤੇ ਲੈ ਗਿਆ - ਸ਼ਾਇਦ ਅੱਧੇ ਰਸਤੇ ਤੱਕ - ਪਰਮੇਸ਼ੁਰ ਦੀ ਹਜ਼ੂਰੀ ਵਿਚ ਭੋਜਨ ਕਰਨ ਦੇ ਲਈ। ਜਿਹੜੇ ਭੋਜਨ ਵਿਚ ਹਿੱਸਾ ਲੈ ਰਹੇ ਸਨ ਉਨ੍ਹਾਂ ਵਿਚ **ਹਾਰੂਨ** ਅਤੇ ਉਸ ਦੇ ਪੁੱਤਰ **ਨਾਦਾਬ ਅਰ ਅਬੀਹੂ** ਵੀ ਸਨ, ਜਿਹੜੇ ਬਾਅਦ ਵਿਚ ਨਾਸ ਹੋ ਗਏ ਕਿਉਂਕਿ ਉਨ੍ਹਾਂ ਨੇ "ਯਹੋਵਾਹ ਦੇ ਅੱਗੇ ਓਪਰਾ ਧੂਪ ਧੁਖਾਇਆ" (ਲੇਵੀਆਂ 10:1, 2)। ਉੱਥੇ **ਸੱਤ੍ਰ ਬਜ਼ੁਰਗ** ਵੀ ਮੌਜੂਦ ਸਨ ਜਿਨ੍ਹਾਂ ਨੂੰ "ਇਸਰਾਏਲੀਆਂ ਦੇ ਭਲੇ ਪੁਰਸ਼ਾਂ" (24:11) ਵਜੋਂ ਪਛਾਣਿਆ ਗਿਆ ਸੀ। ਇਹ ਉੱਘੇ ਮਨੁੱਖ ਸ਼ਾਇਦ ਬਾਰਾਂ ਗੋਤਾਂ ਦੇ ਨੁਮਾਇੰਦਿਆਂ ਦੇ ਤੌਰ ਤੇ ਸੇਵਾ ਕਰਦੇ ਸਨ।[8]

**ਆਇਤ 10.** ਲਿਖਤ ਜ਼ੋਰ ਦਿੰਦੀ ਹੈ ਕਿ ਮਨੁੱਖ ਜਿਨ੍ਹਾਂ ਨੇ ਇਸ ਭੋਜਨ ਵਿਚ ਹਿੱਸਾ ਲਿਆ ਸੀ ਉਨ੍ਹਾਂ ਨੇ **ਇਸਰਾਏਲ ਦੇ ਪਰਮੇਸ਼ੁਰ ਨੂੰ ਡਿੱਠਾ**, ਇਕ ਸੱਚਾਈ ਜਿਸ ਨੂੰ 11 ਆਇਤ ਵਿਚ ਦੁਹਰਾਇਆ ਗਿਆ ਹੈ। ਕਿਉਂਕਿ ਬਾਈਬਲ ਕਿਤੇ ਹੋਰ ਇਹ ਆਖਦੀ ਹੈ ਕਿ ਕਿਸੇ ਵੀ ਮਨੁੱਖ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ (33:20; ਯੂਹੰਨਾ 1:18; 1 ਤਿਮੋਥਿਉਸ 6:16), ਇਨ੍ਹਾਂ ਮਨੁੱਖਾਂ ਨੇ ਸ਼ਾਇਦ ਖੁਦ ਪਰਮੇਸ਼ੁਰ ਨੂੰ ਵੇਖਣ ਦੀ ਬਜਾਇ ਪਰਮੇਸ਼ੁਰ ਦੇ ਪ੍ਰਤੀਰੂਪ (ਨੁਮਾਇੰਦੇ) ਨੂੰ ਵੇਖਿਆ ਸੀ। ਕੇਸਰ ਨੇ ਸੁਝਾਅ ਦਿੱਤਾ ਸੀ ਕਿ ਮਨੁੱਖਾਂ ਨੇ ਪਰਮੇਸ਼ੁਰ ਦਾ "ਸਰੂਪ" ਵੇਖਿਆ ਸੀ (ਵੇਖੋ ਗਿਣਤੀ 12:8; ਯਸਾਯਾਹ 6:1; ਹਿਜ਼ਕੀਏਲ 1:26)।[9] ਜੇਮਸ ਬਰਟਨ ਕੌਫਮੈਨ ਨੇ ਜ਼ੋਰ ਦਿੱਤਾ ਸੀ ਕਿ "ਉਨ੍ਹਾਂ ਨੇ ਪਰਮੇਸ਼ੁਰ ਨੂੰ ਉਸ ਦੇ ਪੂਰੇ ਸਦੀਪਕ ਜਲਾਲ ਵਿਚ 'ਆਹਮੋ ਸਾਹਮਣੇ' ਨਹੀਂ ਸੀ ਵੇਖਿਆ" (ਵੇਖੋ ਬਿਵਸਥਾ ਸਾਰ 4:15; 1 ਤਿਮੋਥਿਉਸ 6:16; 1 ਯੂਹੰਨਾ 4:12)।[10] ਕਿਉਂਕਿ ਪਰਮੇਸ਼ੁਰ "ਆਤਮਾ" ਹੈ (ਯੂਹੰਨਾ 4:24) - ਅਤੇ ਕਿਉਂਕਿ ਆਤਮਿਕ ਨੂੰ ਸਰੀਰਕ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ - ਕੋਈ ਵੀ ਇਹ ਦਲੀਲ ਦੇ ਸਕਦਾ ਹੈ ਕਿ ਉਹ ਜਿਹੜਾ ਸਰੀਰ ਵਿਚ ਹੈ ਪਰਮੇਸ਼ੁਰ ਦੇ ਵਜੂਦ ਨੂੰ ਉਵੇਂ ਨਹੀਂ ਵੇਖ ਸਕਦਾ ਜਿਵੇਂ ਕਿ ਉਹ ਅਸਲ ਵਿਚ ਮੌਜੂਦ ਹੈ।

ਅਨੁਭਵ ਦਾ ਵਰਣਨ ਸਿਰਫ ਉਸੇ ਦੇ ਬਾਰੇ ਗੱਲ ਕਰਦਾ ਹੈ ਜੋ ਮਨੁੱਖਾਂ ਨੇ **ਉਸ ਦੇ ਪੈਰਾਂ ਹੇਠ** ਵੇਖਿਆ ਸੀ, ਜਿਵੇਂ ਕਿ ਉਹ ਉਸ ਦੇ ਪੈਰਾਂ ਹੇਠੋਂ ਆਪਣੀਆਂ ਅੱਖਾਂ ਨੂੰ ਚੁੱਕਣ ਤੋਂ ਡਰਦੇ ਹੋਣ ਜਾਂ ਅੱਖਾਂ ਨੂੰ ਉਤਾਹਾਂ ਚੁੱਕਣ ਵਿਚ ਅਸਮਰੱਥ ਹੋਣ। ਉੱਥੇ ਉਨ੍ਹਾਂ ਨੇ ਕੁਝ ਅਜਿਹਾ ਵੇਖਿਆ ਜੋ **ਨੀਲਮ ਦੇ ਪੱਥਰਾਂ ਦੇ ਫਰਸ਼ ਜਿਹਾ ਸੀ ਅਤੇ ਉਸ ਦੀ ਚਮਕਾਹਟ ਅਕਾਸ਼ ਹੀ ਵਰਗੀ ਸੀ**।

**ਆਇਤ 11.** ਘਟਨਾ ਦੇ ਅਸਧਾਰਨ ਸੁਭਾਅ ਤੇ ਟਿੱਪਣੀ ਕੀਤੀ ਗਈ ਹੈ। ਇਸਰਾਏਲ ਦੇ ਆਗੂਆਂ ਨੇ ਪਰਮੇਸ਼ੁਰ ਨੂੰ "ਡਿੱਠਾ," **ਉਸ ਨੇ ਆਪਣਾ ਹੱਥ ਇਸਰਾਏਲੀਆਂ ਦੇ ਭਲੇ ਪੁਰਸ਼ਾਂ ਉੱਤੇ ਨਾ ਪਾਇਆ**। ਬਰੁੱਗਮੈਨ ਨੇ ਆਖਿਆ ਕਿ "ਇਹ ਦ੍ਰਿਸ਼ ਹੱਕਾ-ਬੱਕਾ ਰਹਿਣ, ਹੈਰਾਨ ਰਹਿਣ ਵਾਲੀ ਖਾਮੋਸ਼ੀ ਬਾਰੇ ਦੱਸਦਾ ਹੈ। ਉਹ ਵੇਖਦੇ ਹਨ ਅਤੇ ਮੰਤਰਮੁਗਧ ਹੋ ਜਾਂਦੇ ਹਨ। ਉਹ ਬੋਲਦੇ ਨਹੀਂ ਹਨ; ਉਹ ਹਿੱਲਦੇ ਨਹੀਂ ਹਨ।... ਇਹ ਵਿਰਤਾਂਤ ਸਾਨੂੰ ਵੀ ਹੱਕਾ-ਬੱਕਾ, ਹੈਰਾਨ ਅਤੇ ਬੇਚੈਨ ਕਰਕੇ ਛੱਡਣਾ ਚਾਹੁੰਦਾ ਹੈ।"[11] ਦੂਜੇ ਸ਼ਬਦਾਂ ਵਿਚ, "ਉਨ੍ਹਾਂ ਨੇ ਪਰਮੇਸ਼ੁਰ ਨੂੰ ਵੇਖਿਆ ਅਤੇ ਉਸ ਨੇ ਉਨ੍ਹਾਂ ਨੂੰ ਜਾਨੋਂ ਨਹੀਂ ਮਾਰਿਆ!"

ਜਿਹੜੇ ਉੱਥੇ ਮੌਜੂਦ ਸਨ ਉਨ੍ਹਾਂ ਨੇ **ਖਾਧਾ ਪੀਤਾ**, ਉਸ ਨੇਮ ਦਾ ਜਸ਼ਨ ਮਨਾਉਣ ਦੇ ਲਈ ਉਨ੍ਹਾਂ ਨੇ ਭੋਜਨ ਜਾਂ ਦਾਅਵਤ ਵਿਚ ਹਿੱਸਾ ਲਿਆ ਜੋ ਉਨ੍ਹਾਂ ਨੇ ਹੁਣੇ ਯਹੋਵਾਹ ਦੇ ਨਾਲ ਬੰਨ੍ਹਿਆ ਸੀ। ਹਾਲਾਂਕਿ ਇਹ ਨਹੀਂ ਕਿਹਾ ਗਿਆ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨਾਲ ਖਾਧਾ ਪੀਤਾ, ਉਸ ਦੀ ਹਜ਼ੂਰੀ (ਮੌਜੂਦਗੀ) ਬਾਰੇ ਜ਼ਰੂਰ ਕਿਹਾ ਗਿਆ ਹੈ। ਨੇਮ ਦੇ ਧਿਰਾਂ ਵਿੱਚੋਂ ਇਕ ਧਿਰ ਦੇ ਰੂਪ ਵਿਚ, ਉਹ ਉੱਥੇ ਮੌਜੂਦ ਸੀ।

## ਬਿਵਸਥਾ ਦਾ ਪ੍ਰਾਪਤ ਕੀਤਾ ਜਾਣ (24:12-18)

**[12]ਫੇਰ ਯਹੋਵਾਹ ਨੇ ਮੂਸਾ ਨੂੰ ਆਖਿਆ, ਮੇਰੇ ਕੋਲ ਪਹਾੜ ਉੱਤੇ ਆ ਅਤੇ ਉੱਥੇ ਰਹੁ ਤਾਂ ਜੋ ਮੈਂ
ਤੈਨੂੰ ਪੱਥਰ ਦੀਆਂ ਪੱਟੀਆਂ ਅਤੇ ਬਿਵਸਥਾ ਅਤੇ ਹੁਕਮ ਜਿਹੜੇ ਮੈਂ ਉਨ੍ਹਾਂ ਦੀ ਸ਼ਿਖਸ਼ਾ ਲਈ ਲਿਖੇ
ਹਨ ਦੇਵਾਂ। [13]ਸੋ ਮੂਸਾ ਅਤੇ ਉਸ ਦਾ ਸੇਵਕ ਯਹੋਸ਼ੁਆ ਉੱਠੇ ਅਰ ਮੂਸਾ ਪਰਮੇਸ਼ੁਰ ਦੇ ਪਹਾੜ ਉੱਤੇ
ਗਿਆ। [14]ਅਰ ਉਸ ਨੇ ਬਜ਼ੁਰਗਾਂ ਨੂੰ ਆਖਿਆ, ਤੁਸੀਂ ਸਾਡੇ ਲਈ ਏਥੇ ਠਹਿਰੋ ਜਦ ਤੀਕ ਅਸੀਂ
ਤੁਹਾਡੇ ਕੋਲ ਨਾ ਮੁੜ ਆਈਏ ਅਤੇ ਵੇਖੋ ਹਾਰੂਨ ਅਤੇ ਹੂਰ ਤੁਹਾਡੇ ਨਾਲ ਹਨ। ਜੇ ਕਿਸੇ ਦੀ ਕੋਈ
ਗੱਲ ਹੋਵੇ ਤਾਂ ਉਨ੍ਹਾਂ ਦੇ ਕੋਲ ਜਾਵੇ। [15]ਸੋ ਮੂਸਾ ਪਹਾੜ ਉੱਤੇ ਚੜ੍ਹਿਆ ਅਤੇ ਬੱਦਲ ਪਹਾੜ ਉੱਤੇ ਛਾ
ਗਿਆ। [16]ਅਰ ਯਹੋਵਾਹ ਦਾ ਪਰਤਾਪ ਸੀਨਈ ਪਹਾੜ ਉੱਤੇ ਠਹਿਰਿਆ ਅਤੇ ਬੱਦਲ ਉਸ ਉੱਤੇ ਛੇ
ਦਿਨ ਛਾਇਆ ਰਿਹਾ ਤਾਂ ਸੱਤਵੇਂ ਦਿਨ ਉਸ ਨੇ ਬੱਦਲ ਦੇ ਵਿੱਚੋਂ ਮੂਸਾ ਨੂੰ ਸੱਦਿਆ। [17]ਯਹੋਵਾਹ ਦੇ
ਤੇਜ ਦਾ ਦਰਸ਼ਣ ਭਸਮ ਕਰਨ ਵਾਲੀ ਅੱਗ ਵਾਂਙੁ ਪਹਾੜ ਦੀ ਟੀਸੀ ਉੱਤੇ ਇਸਰਾਏਲੀਆਂ ਦੀਆਂ
ਅੱਖਾਂ ਵਿੱਚ ਸੀ। [18]ਅਤੇ ਮੂਸਾ ਬੱਦਲ ਦੇ ਵਿਚਕਾਰ ਚੱਲਿਆ ਗਿਆ ਅਰ ਪਹਾੜ ਉੱਤੇ ਚੜ੍ਹ ਗਿਆ
ਤਾਂ ਮੂਸਾ ਪਹਾੜ ਉੱਤੇ ਚਾਲੀ ਦਿਨ ਅਰ ਚਾਲੀ ਰਾਤਾਂ ਰਿਹਾ।**

**ਆਇਤ 12.** ਮੂਸਾ ਨੂੰ ਯਹੋਵਾਹ ਵੱਲੋਂ ਇਕ ਹੋਰ ਹਦਾਇਤ ਮਿਲੀ ਕਿ **ਮੇਰੇ ਕੋਲ ਪਹਾੜ ਉੱਤੇ ਆ**। ਸ਼ਾਇਦ ਮੂਸਾ ਨੂੰ ਇਹ ਸੰਦੇਸ਼ ਉਸ ਸਮੇਂ ਮਿਲਿਆ ਹੋਵੇਗਾ ਜਦੋਂ ਉਹ ਹਾਲੇ ਬਜ਼ੁਰਗਾਂ ਨਾਲ ਦਾਅਵਤ ਕਰ ਰਿਹਾ ਸੀ। ਦੂਜੇ ਸ਼ਬਦਾਂ ਵਿਚ, ਉਹ ਹਾਲੇ ਸਿਰਫ ਪਹਾੜ ਦੇ ਅੱਧੇ ਰਸਤੇ ਤੱਕ ਉਤਾਂਹ ਚੜ੍ਹੇ ਸਨ ਅਤੇ ਪਰਮੇਸ਼ੁਰ ਮੂਸਾ ਨੂੰ ਉਤਾਹਾਂ ਉਸ ਦੀ ਹਜ਼ੂਰੀ ਵਿਚ ਆਉਣ ਦੇ ਲਈ ਬੁਲਾ ਰਿਹਾ ਸੀ। ਇਹ ਹੁਕਮ ਕਿ "ਮੂਸਾ ਇਕੱਲਾ ਯਹੋਵਾਹ ਕੋਲ ਨੇੜੇ ਆਵੇ ..." (24:2) ਇਸ ਦ੍ਰਿਸ਼ਟੀਕੋਣ ਦਾ ਸਮਰਥਨ ਕਰਨ ਦੇ ਲਈ ਵਰਤਿਆ ਜਾ ਸਕਦਾ ਹੈ।

ਇਕ ਹੋਰ ਸੰਭਾਵਨਾ ਇਹ ਹੈ ਕਿ ਮੂਸਾ ਅਤੇ ਬਜ਼ੁਰਗ ਡੇਰੇ ਵਿਚ ਪਰਤ ਗਏ ਸਨ ਜਦੋਂ ਪਰਮੇਸ਼ੁਰ ਨੇ ਉਸ ਨੂੰ "ਉੱਪਰ ਆਉਣ" ਦਾ ਹੁਕਮ ਦਿੱਤਾ ਸੀ। ਇਹ ਤੱਥ ਕਿ ਮੂਸਾ ਹਾਰੂਨ ਅਤੇ ਹੂਰ ਨੂੰ ਕਾਨੂੰਨੀ ਵਿਵਾਦਾਂ ਦੀ ਜ਼ਿੰਮੇਵਾਰੀ ਸੌਂਪ ਗਿਆ ਸੀ ਇਹ ਦੱਸਦਾ ਹੈ ਕਿ ਉਹ ਲੋਕਾਂ ਵਿਚ ਵਾਪਸ ਆਏ ਸਨ (24:14; ਵੇਖੋ 18:26)। ਇਸ ਤੋਂ ਇਲਾਵਾ, ਜਦੋਂ ਮੂਸਾ ਚਾਲੀ ਦਿਨਾਂ ਬਾਅਦ ਪਹਾੜ ਤੋਂ ਥੱਲੇ ਆਇਆ, ਹਾਰੂਨ ਡੇਰੇ ਵਿਚ ਸੀ (ਅਧਿਆਇ 32)।

ਇਸ ਮੌਕੇ ਤੇ ਮੂਸਾ ਦੇ ਪਹਾੜ ਉੱਤੇ ਜਾਣ ਦਾ ਉਦੇਸ਼ ਖੁਦ ਪਰਮੇਸ਼ੁਰ ਦੁਆਰਾ **ਪੱਥਰ ਦੀਆਂ ਪੱਟੀਆਂ** ਤੇ **ਲਿਖੀ** ਗਈ ਬਿਵਸਥਾ ਨੂੰ ਪ੍ਰਾਪਤ ਕਰਨਾ ਸੀ। ਵਿਦਵਾਨਾਂ ਦੇ ਇਸ ਸੰਬੰਧ ਵਿਚ ਵੱਖੋ-ਵੱਖ ਵਿਚਾਰ ਹਨ ਕਿ ਬਿਵਸਥਾ ਦਾ ਕਿਹੜਾ ਹਿੱਸਾ ਦੋ ਪੱਥਰ ਦੀਆਂ ਪੱਟੀਆਂ ਤੇ ਲਿਖਿਆ ਗਿਆ ਸੀ - ਜਾਂ ਤਾਂ ਇਹ ਸਿਰਫ ਦਸ ਹੁਕਮ ਸਨ ਜਾਂ ਹੋਰ ਬਿਧੀਆਂ ਵੀ। ਕੋਲ ਨੇ ਆਖਿਆ ਕਿ "ਨਤੀਜੇ ਦੇ ਮੱਦੇਨਜ਼ਰ," **ਬਿਵਸਥਾ ਅਤੇ ਹੁਕਮ** "ਇੱਥੇ ਇਕੱਲੇ ਦਸ ਸ਼ਬਦਾਂ ਦਾ ਹਵਾਲਾ ਦਿੰਦੇ ਹੋਣਗੇ।"[12] ਪੱਟੀਆਂ ਨੂੰ "ਸਾਖੀ ਦੀਆਂ ਫੱਟੀਆਂ" (31:18) ਅਤੇ "ਨੇਮ ਦੀਆਂ ਪੱਟੀਆਂ" (ਬਿਵਸਥਾ ਸਾਰ 9:9) ਵੀ ਕਿਹਾ ਗਿਆ ਸੀ।

**ਆਇਤਾਂ 13, 14. ਮੂਸਾ** ਨੇ **ਯਹੋਸ਼ੁਆ** ਨੂੰ ਆਪਣੇ ਨਾਲ ਲਿਆ ਅਤੇ ਪਹਾੜ ਉੱਤੇ ਗਿਆ। ਪਰ, ਇਸ ਤੋਂ ਪਹਿਲਾਂ ਕਿ ਉਹ ਉੱਪਰ ਚੜ੍ਹੇ, ਉਸ ਨੇ **ਬਜ਼ੁਰਗਾਂ** ਨੂੰ ਆਖਿਆ ਕਿ **ਏਥੇ ਠਹਿਰੋ**। ਜੇਕਰ ਉਹ ਹਾਲੇ ਵੀ ਉਸ ਥਾਂ ਤੇ ਸਨ ਜਿੱਥੇ ਉਨ੍ਹਾਂ ਨੇ ਖਾਧਾ ਪੀਤਾ ਸੀ, ਤਾਂ ਸ਼ਾਇਦ ਮੂਸਾ ਚਾਹੁੰਦਾ ਸੀ ਕਿ ਉਹ ਉੱਥੇ "ਠਹਿਰਣ।" ਪਰ, ਜੇਕਰ ਉਹ ਡੇਰੇ ਵਿਚ ਸਨ, ਤਾਂ ਉਹ ਸ਼ਾਇਦ ਇਹ ਚਾਹੁੰਦਾ ਹੋਵੇਗਾ ਕਿ ਉਹ ਲੋਕਾਂ ਵਿਚ ਠਹਿਰਣ। ਦੋਹਾਂ ਹਾਲਾਤਾਂ ਵਿਚ, ਮੂਸਾ ਨਹੀਂ ਸੀ ਚਾਹੁੰਦਾ ਕਿ ਉਹ ਉਸ ਦੀ ਤਲਾਸ਼ ਕਰਦੇ ਹੋਏ ਪਹਾੜ ਉੱਤੇ ਚੜ੍ਹਨ।

ਮੂਸਾ **ਕੋਈ ਗੱਲ** (ਕਾਨੂੰਨੀ ਮਸਲੇ) ਸੰਬੰਧੀ ਫ਼ੈਸਲਾ ਕਰਨ ਦੀ ਜ਼ਿੰਮੇਵਾਰੀ **ਹਾਰੂਨ ਅਰ ਹੂਰ** ਨੂੰ ਸੌਂਪ ਗਿਆ ਸੀ। ਨਿਆਂ ਕਰਨਾ ਆਮ ਤੌਰ ਤੇ ਮੂਸਾ ਦੀ ਜ਼ਿੰਮੇਵਾਰੀ ਹੁੰਦੀ ਸੀ, ਪਰ ਉਸ ਨੇ ਆਪ ਉੱਥੇ ਉਪਲਬਧ ਨਹੀਂ ਰਹਿਣਾ ਸੀ। ਹੋ ਸਕਦਾ ਹੈ ਕਿ "ਬਜ਼ੁਰਗ" ਜਿਨ੍ਹਾਂ ਦੀ ਗਿਣਤੀ "ਸੱਤ੍ਰ" ਸੀ (24:1) ਉਹ ਨਿਆਈਂ ਸਨ ਜਿਨ੍ਹਾਂ ਨੂੰ ਛੋਟੇ ਮੋਟੇ ਵਿਵਾਦਾਂ ਦਾ ਫ਼ੈਸਲਾ ਕਰਨ ਦੇ ਲਈ ਨਿਯੁਕਤ ਕੀਤਾ ਗਿਆ ਸੀ (18:22, 23 ਤੇ ਟਿੱਪਣੀਆਂ ਵੇਖੋ)।

**ਆਇਤ 15.** ਫਿਰ ਮੂਸਾ **ਪਹਾੜ ਉੱਤੇ ਚੜ੍ਹਿਆ ਅਤੇ ਬੱਦਲ ਪਹਾੜ ਉੱਤੇ ਛਾ ਗਿਆ।** ਉਸ ਦ੍ਰਿਸ਼ ਦੀ ਕਲਪਨਾ ਕਰੋ: ਮੂਸਾ "ਉਸ ਥਾਂ ਤੇ ਜਾਂਦਾ ਹੈ ਜਿੱਥੇ ਹਾਲੇ ਤੱਕ ਕੋਈ ਨਹੀਂ ਗਿਆ। ਉਹ ਮਨੁੱਖਤਾ ਦੇ ਖੇਤਰ ਨੂੰ ਛੱਡ ਕੇ ਪਰਮੇਸ਼ੁਰ ਦੇ ਖੇਤਰ ਵਿਚ ਦਾਖ਼ਲ ਹੁੰਦਾ ਹੈ। ਅਤੇ ਉੱਥੇ ਉਹ ਚਾਲੀ ਦਿਨ ਅਤੇ ਚਾਲੀ ਰਾਤਾਂ ਠਹਿਰਦਾ ਹੈ। ... ਕੋਈ ਨਹੀਂ, ਹਾਰੂਨ ਅਤੇ ਇਸਰਾਏਲ ਵੀ ਨਹੀਂ ... ਜਾਣਦੇ ਕਿ ਉਹ ਫੇਰ ਕਦੇ ਵਾਪਸ ਆਵੇਗਾ ਜਾਂ ਨਹੀਂ।"[13]

**ਆਇਤਾਂ 16-18.** ਫਿਰ **ਯਹੋਵਾਹ ਦਾ ਪਰਤਾਪ ਸੀਨਈ ਪਹਾੜ ਉੱਤੇ ਠਹਿਰਿਆ ... ਛੇ ਦਿਨ**। ਹੇਠਾਂ ਡੇਰੇ ਵਿਚ ਇਸਰਾਏਲੀਆਂ ਦੇ ਲਈ, **ਯਹੋਵਾਹ ਦੇ ਤੇਜ ਦਾ ਦਰਸ਼ਣ ਭਸਮ ਕਰਨ ਵਾਲੀ ਅੱਗ ਵਾਂਙੁ ਪਹਾੜ ਦੀ ਟੀਸੀ ਉੱਤੇ ਸੀ**। ਮੂਸਾ ਦੇ ਲਈ ਪਰਮੇਸ਼ੁਰ ਦੀ ਬੁਲਾਹਟ **ਸੱਤਵੇਂ ਦਿਨ** ਆਈ। ਮੂਸਾ **ਬੱਦਲ** ਦੇ ਵਿਚਕਾਰ, ਪਰਮੇਸ਼ੁਰ ਦੀ ਹਜ਼ੂਰੀ ਵਿਚ ਚਲਿਆ ਗਿਆ ਅਤੇ ਉੱਥੇ ਉਹ **ਚਾਲੀ ਦਿਨ ਅਰ ਚਾਲੀ ਰਾਤਾਂ** ਰਿਹਾ। ਪਰਮੇਸ਼ੁਰ ਦਾ ਪਰਤਾਪ ਛਾਇਆ ਰਿਹਾ ਜਦੋਂ ਪਰਮੇਸ਼ੁਰ ਮੂਸਾ ਦੇ ਨਾਲ ਮਿਲਿਆ, ਜਿਸ ਨੂੰ "ਪਰਮੇਸ਼ੁਰ ਦੀ ਉਂਗਲੀ ਨਾਲ ਲਿਖੀਆਂ ਹੋਈਆਂ" (31:18) ਪੱਥਰ ਦੀਆਂ ਪੱਟੀਆਂ ਮਿਲੀਆਂ।

## ਪ੍ਰਾਸੰਗਿਕਤਾ

### ਉਹ ਸਾਰੀਆਂ ਗੱਲਾਂ ਕਰਨੀਆਂ ਜਿਹੜੀਆਂ ਯਹੋਵਾਹ ਬੋਲਿਆ ਹੈ (24:3, 7)

ਮੂਸਾ ਨੇ ਉਹ *ਸਾਰੀਆਂ* ਗੱਲਾਂ ਦੱਸ ਦਿੱਤੀਆਂ ਜੋ ਯਹੋਵਾਹ ਨੇ ਆਖੀਆਂ ਸਨ ਅਤੇ ਉਨ੍ਹਾਂ *ਸਭਨਾਂ* ਨੇ ਆਖਿਆ ਕਿ ਅਸੀਂ ਉਹ *ਸਾਰੀਆਂ* ਗੱਲਾਂ ਕਰਾਂਗੇ ਜਿਨ੍ਹਾਂ ਦਾ ਯਹੋਵਾਹ ਨੇ ਹੁਕਮ ਦਿੱਤਾ ਸੀ। ਕੀ ਅਸੀਂ ਇਹ ਕਹਿਣ ਦੇ ਲਈ ਤਿਆਰ ਹਾਂ? ਕਈ ਵਾਰ ਲੋਕ ਉਨ੍ਹਾਂ ਸਭ ਗੱਲਾਂ ਦਾ ਪਾਲਣ ਕਰਨ ਦੇ ਲਈ ਅਣਇੱਛੁਕ ਹੁੰਦੇ ਹਨ ਜਿਨ੍ਹਾਂ ਦਾ ਯਹੋਵਾਹ ਨੇ ਹੁਕਮ ਦਿੱਤਾ ਹੈ। ਉਦਾਹਰਣ ਦੇ ਲਈ, ਉਹ ਬਪਤਿਸਮਾ ਲੈਣ ਦੇ ਹੁਕਮ ਨੂੰ ਅਣਦੇਖਾ ਕਰ ਸਕਦੇ ਹਨ ਜਾਂ ਬਪਤਿਸਮਾ ਲੈਣ ਤੇ ਇਤਰਾਜ ਕਰ ਸਕਦੇ ਹਨ। ਆਓ ਅਸੀਂ ਪਹਿਲਾਂ ਉਸ ਦੇ ਰਾਜ ਦੀ ਭਾਲ ਕਰਦਿਆਂ ਉਹ ਸਭ ਗੱਲਾਂ ਕਰਨ ਦੀ ਕੋਸ਼ਿਸ਼ ਕਰੀਏ ਜਿਨ੍ਹਾਂ ਦਾ ਯਹੋਵਾਹ ਨੇ ਸਾਨੂੰ ਹੁਕਮ ਦਿੱਤਾ ਹੈ (ਮੱਤੀ 6:33)।

### ਲਹੂ ਨਾਲ ਸ਼ੁੱਧ ਕੀਤੇ ਗਏ (24:5-8)

ਪਰਮੇਸ਼ੁਰ ਅਤੇ ਇਸਰਾਏਲ ਵਿਚਕਾਰ ਨੇਮ ਦੀ ਪੁਸ਼ਟੀ ਲਹੂ ਦੁਆਰਾ ਕੀਤੀ ਗਈ ਸੀ। ਜਾਨਵਰਾਂ ਦੀਆਂ ਬਲੀਆਂ ਚੜ੍ਹਾਈਆਂ ਗਈਆਂ ਸਨ ਅਤੇ ਜਗਵੇਦੀ ਅਤੇ ਲੋਕਾਂ ਦੇ ਉੱਤੇ ਲਹੂ ਛਿੜਕਿਆ ਗਿਆ ਸੀ (24:5-8)। ਇਬਰਾਨੀਆਂ 9:18-20 ਉਸ ਮੌਕੇ ਦਾ ਹਵਾਲਾ ਦਿੰਦੀਆਂ ਹਨ। ਸੰਦਰਭ ਜਗਵੇਦੀ ਅਤੇ ਤੰਬੂ ਦੇ ਸਮਰਪਣ ਵਿਚ ਵੀ ਲਹੂ ਦੇ ਵਰਤੇ ਜਾਣ ਦੀ ਗੱਲ ਕਰਦਾ ਹੈ (ਇਬਰਾਨੀਆਂ 9:21; ਵੇਖੋ ਕੂਚ 29:12, 36; ਲੇਵੀਆਂ 8:15, 19)। ਇਬਰਾਨੀਆਂ 9:22 ਆਮ ਤੌਰ ਤੇ "ਸਾਰੀਆਂ ਵਸਤਾਂ" ਦੇ ਲਹੂ ਨਾਲ ਸ਼ੁੱਧ ਕੀਤੇ ਜਾਣ ਦਾ ਹਵਾਲਾ ਦਿੰਦੀ ਹੈ ਅਤੇ ਸ਼ਾਇਦ ਉਨ੍ਹਾਂ ਬਲੀਆਂ ਦੀ ਗੱਲ ਕਰਦੀ ਹੈ ਜੋ ਨਿਯਮਤ ਰੂਪ ਵਿਚ ਪਾਪਾਂ ਦੇ ਲਈ ਚੜ੍ਹਾਈਆਂ ਜਾਂਦੀਆਂ ਸਨ।

ਇਬਰਾਨੀਆਂ ਦਾ ਲੇਖਕ ਕੀ ਕਹਿ ਰਿਹਾ ਸੀ? ਬਿਵਸਥਾ (ਸ਼ਰਾ) ਅਧੀਨ, "ਬਿਨਾ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ [ਸੀ]" (ਇਬਰਾਨੀਆਂ 9:22)। ਜੋ ਲੋਕ ਨਵੇਂ ਨੇਮ ਦੇ ਅਧੀਨ ਰਹਿੰਦੇ ਹਨ ਉੱਤਮ ਬਲੀਦਾਨ - ਖੁਦ ਯਿਸੂ ਦੇ ਬਲੀਦਾਨ - ਤੋਂ ਲਾਭ ਉਠਾਉਂਦੇ ਹਨ। ਉਸ ਦਾ ਬਲੀਦਾਨ ਉੱਤਮ ਹੈ ਕਿਉਂਕਿ ਉਹ ਅਸਲੀ ਪਵਿੱਤਰ ਅਸਥਾਨ, ਸੁਰਗ ਵਿਚ ਗਿਆ (ਇਬਰਾਨੀਆਂ 9:24); ਉਸ ਨੇ ਸਿਰਫ ਇੱਕੋ ਵਾਰ ਆਪਣਾ ਬਲੀਦਾਨ ਦਿੱਤਾ (ਇਬਰਾਨੀਆਂ 9:25, 26); ਉਸ ਨੇ ਪਾਪ ਨੂੰ ਦੂਰ ਕਰਨ ਦੇ ਲਈ ਪਸ਼ੂਆਂ ਦੇ ਬਲੀਦਾਨ ਦੀ ਤੁਲਨਾ ਵਿਚ ਆਪਣੇ ਆਪ ਦਾ ਬਲੀਦਾਨ ਦਿੱਤਾ (ਇਬਰਾਨੀਆਂ 9:26; 10:4)। ਉਸ ਨੇ ਆਪਣੇ ਲਹੂ ਨਾਲ ਕਲੀਸੀਆ ਨੂੰ ਮੁੱਲ ਲਿਆ (ਰਸੂਲਾਂ ਦੇ ਕਰਤੱਬ 20:28)। ਉਸ ਦੇ ਲਹੂ ਨੇ ਸਾਨੂੰ ਬਚਾਇਆ (ਅਫ਼ਸੀਆਂ 1:7), ਇਹ ਸਾਨੂੰ ਬਚਾ ਰਿਹਾ ਹੈ (1 ਯੂਹੰਨਾ 1:7) ਅਤੇ ਇਹ ਸਾਨੂੰ ਸਦੀਪਕ ਕਾਲ ਦੇ ਲਈ ਬਚਾਵੇਗਾ (ਪਰਕਾਸ਼ ਦੀ ਪੋਥੀ 7:14)।

### "ਨੇਮ ਦਾ ਲਹੂ" (24:8)

ਜਦੋਂ ਯਿਸੂ ਪ੍ਰਭੂ ਭੋਜ ਦੀ ਸ਼ੁਰੂਆਤ ਕਰ ਰਿਹਾ ਸੀ ਤਾਂ ਉਸ ਦੇ ਮਨ ਵਿਚ ਸੀਨਈ ਪਹਾੜ ਦਾ ਦ੍ਰਿਸ਼ ਸੀ। ਉਸ ਨੇ ਆਖਿਆ, "ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ" (ਮੱਤੀ 26:28)। ਜਦੋਂ ਯਿਸੂ ਮਰਿਆ, ਉਹ "ਨਵਾਂ ਨੇਮ" ਹੋਂਦ ਵਿਚ ਲੈ ਕੇ ਆਇਆ (ਵੇਖੋ ਯਿਰਮਿਯਾਹ 31:31-34)। ਜਿਵੇਂ ਇਸਰਾਏਲੀ ਲਹੂ ਨਾਲ ਪੁਸ਼ਟੀ ਕੀਤੇ ਗਏ ਨੇਮ ਦੁਆਰਾ ਪਰਮੇਸ਼ੁਰ ਦੇ ਅੱਗੇ ਮਜਬੂਰ ਸਨ, ਉਸੇ ਤਰ੍ਹਾਂ ਮਸੀਹ ਦੇ ਚੇਲੇ ਹਨ। ਨਵਾਂ ਨੇਮ "ਪਰਮੇਸ਼ੁਰ ਦੇ ਲੇਲੇ" ਦੇ ਲਹੂ ਨਾਲ ਸਥਾਪਤ ਕੀਤਾ ਗਿਆ ਸੀ।

### ਪਰਮੇਸ਼ੁਰ ਦੇ ਨਾਲ ਖਾਣਾ (24:9-11)

ਕੂਚ 24 ਵਿਚ ਪਰਮੇਸ਼ੁਰ ਨੇ ਉਸ ਨੇਮ ਦੀ ਪੁਸ਼ਟੀ ਕੀਤੀ ਸੀ ਜੋ ਉਸ ਨੇ ਅਧਿਆਇ 19 ਵਿਚ ਇਸਰਾਏਲ ਨਾਲ ਬੰਨ੍ਹਿਆ ਸੀ। ਦੋਵੇਂ ਧਿਰ - ਪਰਮੇਸ਼ੁਰ ਅਤੇ ਇਸਰਾਏਲ - ਪਹਿਲਾਂ ਤੋਂ ਹੀ ਨੇਮ ਦੀਆਂ ਸ਼ਰਤਾਂ ਮੰਨਣ ਦੇ ਲਈ ਸਹਿਮਤ ਹੋ ਚੁੱਕੇ ਸਨ। ਕੂਚ 24 ਵਿਚ ਵਰਣਨ ਕੀਤੀਆਂ ਗਈਆਂ ਰਸਮਾਂ ਦੇ ਰਾਹੀਂ, ਨੇਮ ਲਾਗੂ ਹੋ ਗਿਆ। ਅਧਿਆਇ 19 ਦੀ ਤੁਲਨਾ ਅੱਜ ਦੇ ਸਮੇਂ ਵਿਚ ਅਚੱਲ ਸੰਪਤੀ ਦੇ ਸੌਦੇ ਵਿਚ ਠੇਕਿਆਂ ਦੇ ਵਟਾਂਦਰੇ ਨਾਲ ਕੀਤੀ ਜਾ ਸਕਦੀ ਸੀ; ਕੂਚ 24 ਵਿਚ ਰਸਮ ਦੀ ਤੁਲਨਾ ਸਮਝੌਤੇ ਨੂੰ ਖਤਮ ਕਰਨ ਦੇ ਨਾਲ ਕੀਤੀ ਜਾ ਸਕਦੀ ਸੀ।

ਅਧਿਆਇ 24 ਵਿਚ ਵਰਣਨ ਕੀਤੀਆਂ ਗਈਆਂ ਰਸਮਾਂ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਸਨ: (1) ਮੂਸਾ ਦੁਆਰਾ ਲੋਕਾਂ ਨੂੰ ਬਿਵਸਥਾ ਬਾਰੇ ਦੱਸਣਾ ਅਤੇ ਲੋਕਾਂ ਦੁਆਰਾ ਇਸ ਬਿਵਸਥਾ ਦਾ ਪਾਲਣ ਕਰਨ ਦੇ ਲਈ ਆਪਣੀ ਪ੍ਰਤਿਗਿਆ ਨੂੰ ਦੁਹਰਾਉਣਾ (24:3); (2) ਭਵਿੱਖ ਵਾਲੀ ਪੀੜ੍ਹੀ ਦੇ ਲਈ ਬਿਵਸਥਾ ਦਾ ਲਿਖਣਾ (24:4); (3) ਜਗਵੇਦੀ ਬਣਾਉਣਾ (24:4); (4) ਬਲੀਆਂ ਚੜ੍ਹਾਉਣਾ ਅਤੇ ਜਗਵੇਦੀ ਉੱਤੇ ਲਹੂ ਛਿੜਕਣਾ (24:5, 6); (5) ਬਿਵਸਥਾ ਦਾ ਪੜ੍ਹਿਆ ਜਾਣਾ ਅਤੇ ਇਸਰਾਏਲੀਆਂ ਦੁਆਰਾ ਇਸ ਨੂੰ ਮੰਨਣ ਦੇ ਲਈ ਆਪਣੀ ਪ੍ਰਤਿਗਿਆ ਨੂੰ ਦੁਹਰਾਉਣਾ (24:7); (6) ਲੋਕਾਂ ਉੱਤੇ ਲਹੂ ਛਿੜਕਣਾ (24:8) ਅਤੇ (7) ਪਰਮੇਸ਼ੁਰ ਦੇ ਨਾਲ ਮਿਲ ਕੇ ਭੋਜਨ ਖਾਣਾ (24:9-11)। ਕਿਹਾ ਜਾਂਦਾ ਹੈ ਕਿ ਇਸ ਸਮੇਂ ਇਸਰਾਏਲ ਦੇ ਆਗੂਆਂ ਨੇ ਪਰਮੇਸ਼ੁਰ ਨੂੰ ਡਿੱਠਾ (24:10)।

ਪੁਰਾਣੇ ਨੇਮ ਦੇ ਸਮਿਆਂ ਵਿਚ ਦੋ ਧਿਰਾਂ ਵਿਚਕਾਰ ਇਕ ਨੇਮ ਨੂੰ ਪੱਕਾ ਕਰਨ ਦੇ ਲਈ ਅਕਸਰ ਭੋਜਨ ਕਰਨਾ ਸ਼ਾਮਲ ਹੁੰਦਾ ਸੀ। ਇਸ ਮਾਮਲੇ ਵਿਚ, ਇਹ ਨੇਮ ਇਸਰਾਏਲ ਅਤੇ ਪਰਮੇਸ਼ੁਰ ਵਿਚਕਾਰ ਸੀ, ਇਸ ਲਈ ਇਸਰਾਏਲ ਨੇ ਪਰਮੇਸ਼ੁਰ ਨਾਲ ਭੋਜਨ ਖਾਧਾ। ਉਹ

"ਪਰਮੇਸ਼ੁਰ ਨਾਲ ਖਾ ਪੀ ਰਹੇ" ਸਨ! ਆਓ ਅਸੀਂ ਉਨ੍ਹਾਂ ਤਰੀਕਿਆਂ ਬਾਰੇ ਸੋਚੀਏ ਜਿਨ੍ਹਾਂ ਨਾਲ ਅੱਜ ਅਸੀਂ "ਪਰਮੇਸ਼ੁਰ ਨਾਲ ਖਾ" ਸਕਦੇ ਹਾਂ।

*ਮਸੀਹੀ ਬਣਨ ਦੇ ਦੁਆਰਾ, ਅਸੀਂ ਵਿਆਹ ਦੀ ਦਾਅਵਤ ਦੇ ਹਿੱਸੇਦਾਰ ਬਣ ਜਾਂਦੇ ਹਾਂ* (ਮੱਤੀ 22:1-14)। ਇਕ ਭਾਵ ਵਿਚ, ਫਿਰ ਅਸੀਂ ਮਸੀਹੀ ਬਣਨ ਦੁਆਰਾ "ਪਰਮੇਸ਼ੁਰ ਨਾਲ ਖਾ" ਰਹੇ ਹਾਂ। ਸਾਡੀ ਉਸ ਨਾਲ ਸੰਗਤੀ ਹੈ; ਅਸੀਂ "ਅੰਮ੍ਰਿਤ ਜਲ" ਦਾ ਅਨੰਦ ਮਾਣਦੇ ਹਾਂ ਅਤੇ "ਜੀਵਨ ਦੀ ਰੋਟੀ" ਖਾਂਦੇ ਹਾਂ।

*ਮਸੀਹੀ ਹੋਣ ਦੇ ਨਾਤੇ, ਜਦੋਂ ਅਸੀਂ ਪ੍ਰਭੂ ਭੋਜ ਵਿਚ ਹਿੱਸਾ ਲੈਂਦੇ ਹਾਂ, ਅਸੀਂ "ਪਰਮੇਸ਼ੁਰ ਨਾਲ ਖਾਂਦੇ ਹਾਂ।"* ਜਦੋਂ ਯਿਸੂ ਨੇ ਪ੍ਰਭੂ ਭੋਜ ਦੀ ਸ਼ੁਰੂਆਤ ਕੀਤੀ ਤਾਂ ਉਸ ਨੇ ਆਖਿਆ, "ਮੈਂ ਤੁਹਾਨੂੰ ਆਖਦਾ ਹਾਂ ਜੋ ਏਦੋਂ ਅੱਗੇ ਮੈਂ ਇਸ ਅੰਗੂਰ ਦੇ ਰਸ ਨੂੰ ਕਦੇ ਨਾ ਪੀਵਾਂਗਾ ਜਿਸ ਦਿਨ ਤੀਕਰ ਤੁਹਾਡੇ ਨਾਲ ਆਪਣੇ ਪਿਤਾ ਦੇ ਰਾਜ ਵਿੱਚ ਉਹ ਨਵਾਂ ਨਾ ਪੀਵਾਂ" (ਮੱਤੀ 26:29)। ਇਸ ਦਾ ਅਰਥ ਇਹ ਹੈ ਕਿ ਉਹਨੇ ਪਰਮੇਸ਼ੁਰ ਦੇ ਰਾਜ ਵਿਚ ਸਾਡੇ ਨਾਲ ਖਾਣਾ ਅਤੇ ਪੀਣਾ ਸੀ। ਜਦੋਂ ਅਸੀਂ ਪ੍ਰਭੂ ਭੋਜ ਵਿਚ ਹਿੱਸਾ ਲੈਂਦੇ ਹਾਂ, ਅਸੀਂ ਨਾ ਸਿਰਫ ਆਪਣੇ ਨਾਲ ਦੇ ਮਸੀਹੀ ਲੋਕਾਂ ਨਾਲ ਹਿੱਸਾ ਲੈਂਦੇ ਹਾਂ ਜਿਨ੍ਹਾਂ ਨੂੰ ਅਸੀਂ ਵੇਖ ਸਕਦੇ ਹਾਂ, ਪਰ ਮਸੀਹ ਦੇ ਨਾਲ ਵੀ ਜਿਸ ਨੂੰ ਅਸੀਂ ਵੇਖ ਨਹੀਂ ਸਕਦੇ। ਪ੍ਰਭੂ ਭੋਜ ਨੂੰ "ਪ੍ਰਭੂ ਦੀ ਮੇਜ਼" ਕਿਹਾ ਗਿਆ ਹੈ (1 ਕੁਰਿੰਥੀਆਂ 10:21; ਵੇਖੋ ਮੱਤੀ 18:20)।

*ਜਦੋਂ ਅਸੀਂ ਦੂਜੇ ਮਸੀਹੀ ਲੋਕਾਂ ਨਾਲ ਭੋਜਨ ਸਾਂਝਾ ਕਰਦੇ ਅਤੇ ਸੰਗਤੀ ਕਰਦੇ ਹਾਂ, ਇਕ ਭਾਵ ਵਿਚ ਅਸੀਂ ਪਰਮੇਸ਼ੁਰ ਦੇ ਨਾਲ ਵੀ ਖਾ ਰਹੇ ਹੁੰਦੇ ਹਾਂ।* ਨਵੇਂ ਨੇਮ ਦੀ ਕਲੀਸੀਆ ਵਿਚ ਇਕੱਠੇ ਮਿਲ ਕੇ ਭੋਜਨ ਕਰਨਾ ਇਕ ਆਮ ਗੱਲ ਸੀ (ਰਸੂਲਾਂ ਦੇ ਕਰਤੱਬ 2:46; 1 ਕੁਰਿੰਥੀਆਂ 11)। ਪਰਮੇਸ਼ੁਰ ਦੇ ਪਰਿਵਾਰ ਵਿਚ ਭੋਜਨ ਸਾਂਝਾ ਕਰਨਾ ਇਕ ਦੂਜੇ ਨਾਲ ਉਨ੍ਹਾਂ ਦੀ ਨੇੜਤਾ ਦਾ ਕਾਰਣ, ਪ੍ਰਭਾਵ ਅਤੇ ਪ੍ਰਤੀਕ ਸੀ।

*ਮਸੀਹੀ ਪਰਿਵਾਰਾਂ ਨੂੰ ਭੋਜਨ ਦੇ ਸਮਿਆਂ ਨੂੰ ਉਨ੍ਹਾਂ ਮੌਕਿਆਂ ਦੇ ਰੂਪ ਵਿਚ ਵੇਖਣ ਚਾਹੀਦਾ ਹੈ ਜਦੋਂ ਅਸੀਂ "ਪਰਮੇਸ਼ੁਰ ਦੇ ਨਾਲ ਖਾਂਦੇ ਹਾਂ।"* ਜਦੋਂ ਅਸੀਂ ਆਪਣੇ ਭੋਜਨ ਦੇ ਲਈ ਧੰਨਵਾਦ ਕਰਦੇ ਹਾਂ ਅਸੀਂ ਪਰਮੇਸ਼ੁਰ ਦੀ ਹਜ਼ੂਰੀ ਨੂੰ ਸਵੀਕਾਰ ਕਰਦੇ ਹਾਂ (ਲੂਕਾ 24:30; ਯੂਹੰਨਾ 6:11; ਰੋਮੀਆਂ 14:6; 1 ਤਿਮੋਥਿਉਸ 4:4, 5)। ਅਸੀਂ ਉਸ ਦੇ ਕੰਮ ਨੂੰ ਅੱਗੇ ਵਧਾਉਂਦੇ ਹਾਂ ਜਦੋਂ ਅਸੀਂ ਪਰਿਵਾਰਾਂ ਦੇ ਤੌਰ ਤੇ ਇਕੱਠੇ ਭੋਜਨ ਕਰਦੇ ਹਾਂ ਕਿਉਂਕਿ "ਪਰਿਵਾਰਕ ਸੰਗਤੀ" ਦੀ ਅਜਿਹੀ ਆਦਤ ਬਣਾਉਣਾ ਬੱਚਿਆਂ ਦੇ ਲਈ ਉਨ੍ਹਾਂ ਗੱਲਾਂ ਨਾਲੋਂ ਬਹੁਤ ਜ਼ਿਆਦਾ ਫਾਇਦੇਮੰਦ ਹੁੰਦਾ ਹੈ ਜੋ ਇਕ ਮਾਤਾ-ਪਿਤਾ ਆਪਣੇ ਬੱਚਿਆਂ ਦੇ ਲਈ ਕਰ ਸਕਦੇ ਹਨ। ਅਸੀਂ ਆਤਮਿਕ ਮਸਲਿਆਂ ਤੇ ਗੱਲਬਾਤ ਕਰਨ ਦੁਆਰਾ ਆਪਣੇ ਜੀਵਨਾਂ ਨੂੰ ਸੁਆਰਦੇ ਅਤੇ ਪਰਮੇਸ਼ੁਰ ਦੀ ਵਡਿਆਈ ਕਰਦੇ ਹਾਂ ਜਦੋਂ ਅਸੀਂ ਆਪਣੇ ਪਰਿਵਾਰਾਂ ਨਾਲ ਸਮਾਂ ਗੁਜਾਰਦੇ ਹਾਂ (ਬਿਵਸਥਾ ਸਾਰ 6:7)। ਅਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਹੋਰ ਨੇੜੇ ਲੈ ਕੇ ਜਾਂਦੇ ਹਾਂ ਜਦੋਂ ਅਸੀਂ ਪਰਿਵਾਰਕ ਭੋਜਨਾਂ ਨੂੰ ਪਰਿਵਾਰਕ ਬੰਦਗੀ ਦੇ ਲਈ ਮੌਕਿਆਂ ਤੇ ਤੌਰ ਤੇ ਵਰਤਦੇ ਹਾਂ।

*ਸੁਰਗ ਵਿਚ ਅਸੀਂ ਸਦੀਪਕ ਦਾਹਵਤ ਵਿਚ ਰੱਬੀ ਸੰਗਤੀ ਦਾ ਅਨੰਦ ਮਾਣਾਂਗੇ; ਇਸ ਭਾਵ ਵਿਚ, ਅਸੀਂ ਸਦਾ ਦੇ ਲਈ "ਪਰਮੇਸ਼ੁਰ ਨਾਲ ਭੋਜਨ ਖਾਵਾਂਗੇ।"* ਸੁਰਗੀ ਦਾਅਵਤ ਵਰਗੀ ਕੋਈ ਚੀਜ਼ ਉਨ੍ਹਾਂ ਦੀ ਉਡੀਕ ਕਰ ਰਹੀ ਹੈ ਜਿਹੜੇ ਪਰਮੇਸ਼ੁਰ ਦੇ ਲਈ ਜੀਉਂਦੇ ਹਨ (ਲੂਕਾ 22:30; ਪਰਕਾਸ਼ ਦੀ ਪੋਥੀ 19:9)। ਪਰਕਾਸ਼ ਦੀ ਪੋਥੀ 22:1, 2 ਦੀ ਅਲੰਕਾਰਕ ਭਾਸ਼ਾ ਦੇ ਅਨੁਸਾਰ, ਸੁਰਗ ਇਕ ਸੁੰਦਰ ਨਦੀ ਹੈ ਜੋ ਪਰਮੇਸ਼ੁਰ ਦੇ ਸਿੰਘਾਸਣ ਤੋਂ ਵਹਿੰਦੀ ਹੈ, ਜਿਸ ਦਾ ਅਰਥ ਇਹ ਹੈ ਕਿ ਇਸ ਦਾ ਪਾਣੀ ਪੀਣ ਦੇ ਲਈ ਬਿਲਕੁਲ ਸ਼ੁੱਧ ਹੈ। ਜੀਵਨ ਦੇ ਬਿਰਛ ਉੱਤੇ ਬਾਰਾਂ ਪਰਕਾਰ ਦੇ ਫਲ ਲੱਗਦੇ ਹਨ, ਜਿਸ ਦਾ ਅਰਥ ਇਹ ਹੈ ਕਿ ਖਾਣ ਦੇ ਲਈ ਕਈ ਤਰ੍ਹਾਂ ਦੇ ਸੁਆਦਲੇ ਫਲ ਹਨ।

ਇਹ ਤੱਥ ਕਿ ਸੁਰਗੀ ਯਰੂਸ਼ਲਮ ਨੂੰ ਉਸ ਲਾੜੀ ਵਜੋਂ ਉੱਤਰਦੀ ਦਰਸਾਇਆ ਗਿਆ ਹੈ ਜਿਹੜੀ "ਆਪਣੇ ਲਾੜੇ ਲਈ ਸਿੰਗਾਰੀ ਹੋਈ ਹੈ" (ਪਰਕਾਸ਼ ਦੀ ਪੋਥੀ 21:2) ਇਹ ਸੁਝਾਅ ਵੀ ਦੇ ਸਕਦਾ ਹੈ ਕਿ ਪਰਮੇਸ਼ੁਰ ਸੁਰਗ ਦੀ ਤੁਲਨਾ ਇਕ ਵਿਆਹ ਦੀ ਦਾਹਵਤ ਨਾਲ ਕਰਦਾ ਹੈ। ਉੱਥੇ ਸਾਡੀ ਨਜ਼ਦੀਕੀ ਸੰਗਤੀ "ਪਰਮੇਸ਼ੁਰ ਨਾਲ ਖਾਣ" ਦੇ ਵਾਂਗ ਹੋਵੇਗੀ।

*ਸਿੱਟਾ।* ਇਸਰਾਏਲ ਦੇ ਆਗੂਆਂ ਕੋਲ ਪਰਮੇਸ਼ੁਰ ਨਾਲ ਖਾਣ ਦਾ ਮੌਕਾ ਸੀ ਅਤੇ ਅਸੀਂ ਵੀ ਉਹੀ ਮੌਕਾ ਪ੍ਰਾਪਤ ਕਰ ਸਕਦੇ ਹਾਂ। ਯਿਸੂ ਸਾਡੇ ਦਿਲਾਂ ਦੇ ਬੂਹਿਆਂ ਤੇ ਖੜਕਾ ਰਿਹਾ ਹੈ ਅਤੇ ਉਹ ਅੰਦਰ ਆਉਣਾ ਚਾਹੁੰਦਾ ਹੈ ਤਾਂ ਕਿ ਉਹ ਸਾਡੇ ਨਾਲ ਖਾ ਸਕੇ (ਪਰਕਾਸ਼ ਦੀ ਪੋਥੀ 3:20)। ਆਓ ਅਸੀਂ ਉਸ ਦੀ ਇੱਛਾ ਦਾ ਪਾਲਣ ਕਰਨ ਦੁਆਰਾ ਉਸ ਦੀ ਸੰਗਤੀ ਦੇ ਲਈ ਹਮੇਸ਼ਾ ਖੁੱਲ੍ਹੇ ਰਹੀਏ।

---

ਟਿੱਪਣੀਆਂ

[1]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 449. [2]ਉਸੇ ਸਥਾਨ ਤੇ। [3]ਜੌਨ ਐਚ. ਵਾਲਟਨ ਅਤੇ ਵਿਕਟਰ ਐਚ. ਮੈਥਿਊਜ, *ਜੈਨੇਸਿਸ-ਡਿਉਟਰੋਨੋਮੀ*, ਦ ਆਈਵੀਪੀ ਬਾਈਬਲ ਬੈਕਗਰਾਊਂਡ ਕਮੈਂਟਰੀ (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 1997), 121. [4]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1973), 185-86. [5]ਉਸੇ ਸਥਾਨ ਤੇ। [6]ਵਾਲਟਰ ਬਰੂੱਗਮੈਨ ਦੀ ਪੁਸਤਕ *ਦ ਨਿਊ ਇੰਟਰਪਰੇਟਰਸ ਬਾਈਬਲ*, ਸੋਧ, ਲੀਐਂਡਰ ਈ. ਕੈਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1994) ਵਿਚ ਸਫ਼ਾ 1:881 ਤੇ "ਕੂਚ ਦੀ ਪੁਸਤਕ" ਹੈ। [7]ਕੇਸਰ, 449. [8]ਵਾਲਟਨ ਅਤੇ ਮੈਥਿਊਜ, 120. [9]ਕੇਸਰ, 449. [10]ਜੇਮਸ ਬਰਟਨ ਕੋਫਮੈਨ, *ਕਮੈਂਟਰੀ ਆਨ ਐਕਸੋਡਸ, ਦ ਸੈਕੰਡ ਬੁਕ ਆਫ਼ ਮੋਜਜ* (ਐਬੀਲੀਨ, ਟੈਕਸਾਸ: ਏਸੀਯੂ ਪ੍ਰੈਸ, 1985), 348.

[11]ਬਰੂੱਗਮੈਨ, 881. [12]ਕੋਲ, 187. [13]ਬਰੂੱਗਮੈਨ, 882.